**ਵਿਸ਼ਾ ਪੰਜਾਬੀ** **ਜਮਾਤ ਨੌਵੀਂ/ਦਸਵੀਂ**

# ਵਿਆਕਰਨ

## ਭਾਸ਼ਾ ਅਤੇ ਪੰਜਾਬੀ ਭਾਸ਼ਾ: ਪਰਿਭਾਸ਼ਾ

**ਪ੍ਰਸ਼ਨ:- ਬੋਲੀ ਜਾਂ ਭਾਸ਼ਾ ਕਿਸਨੂੰ ਆਖਦੇ ਹਨ? ਇਸ ਦੀ ਪਰਿਭਾਸ਼ਾ ਲਿਖੋ।**

ਉੱਤਰ :-ਮੂੰਹ ਵਿਚੋਂ ਨਿਕਲਣ ਵਾਲੀਆਂ ਜਿਨ੍ਹਾਂ ਆਵਾਜ਼ਾਂ ਰਾਹੀਂ ਮਨੁੱਖ ਆਪਣੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਦੂਜਿਆਂ ਅੱਗੇ ਪ੍ਰਗਟ ਕਰਦਾ ਹੈ, ਉਨ੍ਹਾਂ ਨੂੰ 'ਬੋਲੀ' (ਭਾਸ਼ਾ) ਆਖਿਆ ਜਾਂਦਾ ਹੈ।

**ਪ੍ਰਸ਼ਨ:- ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?**

ਉੱਤਰ:- ਮਨੁੱਖ ਆਪਣੇ ਮਨੋਭਾਵਾਂ ਨੂੰ ਦੋ ਤਰ੍ਹਾਂ- ਲਿਖ ਕੇ ਜਾਂ ਬੋਲ ਕੇ ਪ੍ਰਗਟ ਕਰਦਾ ਹੈ। ਇਸ ਕਰਕੇ ਬੋਲੀ ਵੀ ਦੋ ਪ੍ਰਕਾਰ ਦੀ ਹੁੰਦੀ ਹੈ -(ੳ)ਬੋਲ-ਚਾਲ ਦੀ ਬੋਲੀ (ਅ) ਲਿਖਤੀ ਜਾਂ ਸਾਹਿਤਕ ਬੋਲੀ ।

**ਪ੍ਰਸ਼ਨ:- ਬੋਲ-ਚਾਲ ਦੀ ਬੋਲੀ ਤੋਂ ਕੀ ਭਾਵ ਹੈ?**

ਉੱਤਰ :-ਬੋਲ-ਚਾਲ ਦੀ ਬੋਲੀ ਉਹ ਹੁੰਦੀ ਹੈ, ਜਿਸ ਰਾਹੀਂ ਵੱਖ-ਵੱਖ ਇਲਾਕਿਆਂ ਵਿਚ ਰਹਿੰਦੇ ਲੋਕ ਆਪਸ ਵਿੱਚ ਗੱਲ-ਬਾਤ ਕਰਦੇ ਹਨ ।ਇਕ ਭਾਸ਼ਾ-ਖੇਤਰ ਵਿੱਚ ਇਸ ਦੇ ਕਈ ਰੂਪ ਹੁੰਦੇ ਹਨ।

**ਪ੍ਰਸ਼ਨ:- ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਕਿਹੜੇ ਸਫਲ਼ ਸਾਧਨ ਦੀ ਵਰਤੋਂ ਕਰਦਾ ਹੈ**

ਉੱਤਰ:-ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਭਾਸ਼ਾ (ਬੋਲੀ )ਦੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ।

**ਪ੍ਰਸ਼ਨ:-ਸਾਡੇ ਸੰਵਿਧਾਨ ਵਿੱਚ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਪ੍ਰਵਾਨਿਤ ਹਨ?**

ਉੱਤਰ-ਸਾਡੇ ਸੰਵਿਧਾਨ ਵਿਚ 22 ਭਾਸ਼ਾਵਾਂ ਪ੍ਰਵਾਨਿਤ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ-

ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਲਾ, ਉੜੀਆ, ਬੋਡੋ, ਮੈਥਿਲੀ, ਸੰਥਾਲੀ, ਅਸਾਮੀ, ਕਸ਼ਮੀਰੀ, ਡੋਗਰੀ, ਤਾਮਿਲ, ਤੇਲਗੂ, ਕੰਨੜ, ਮਲਿਆਲਮ, ਉਰਦੂ, ਸੰਸਕ੍ਰਿਤ, ਕੌਂਕਣੀ, ਮਨੀਪੁਰੀ, ਸਿੰਧੀ, ਨੇਪਾਲੀ ।

**ਪ੍ਰਸ਼ਨ :- ਮਾਤ ਬੋਲੀ ਜਾਂ ਮਾਤ ਭਾਸ਼ਾ ਕੀ ਹੁੰਦੀ ਹੈ?**

ਉੱਤਰ:- ਮਾਤ ਬੋਲੀ ਜਾਂ ਮਾਤ ਭਾਸ਼ਾ ਉਹ ਹੁੰਦੀ ਹੈ, ਜਿਹੜੀ ਬੱਚਾ ਆਪਣੇ ਜਨਮ ਤੋਂ ਹੀ ਆਪਣੀ ਮਾਂ ਕੋਲੋਂ ਸਿੱਖਦਾ ਹੈ।

**ਪ੍ਰਸ਼ਨ:- ਪੰਜਾਬੀ ਬੋਲੀ ਨੂੰ ਕਿੰਨੇ ਲੋਕ ਬੋਲਦੇ ਹਨ? ਇਹ ਲੋਕ ਕਿੱਥੇ ਵੱਸਦੇ ਹਨ?**

ਉੱਤਰ:-ਪੰਜਾਬੀ ਬੋਲੀ ਨੂੰ 11 ਕਰੋੜ ਲੋਕ ਬੋਲਦੇ ਹਨ। ਇਹਨਾਂ ਨੂੰ ਬੋਲਣ ਵਾਲੇ ਭਾਰਤ, ਪਾਕਿਸਤਾਨ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਤੋਂ ਇਲਾਵਾ ਆਸਟ੍ਰੇਲੀਆ ਅਤੇ ਹੋਰ ਯੂਰਪੀਨ ਮੁਲਕਾਂ ਵਿੱਚ ਵਸਦੇ ਹਨ।

## ਪੰਜਾਬੀ ਦੀਆਂ ਉਪ ਬੋਲੀਆ ਜਾਂ ਉਪ ਭਾਸ਼ਾਵਾਂ

**ਪ੍ਰਸ਼ਨ:-ਉਪ-ਬੋਲੀ (ਉਪ-ਭਾਸ਼ਾ) ਕੀ ਹੁੰਦੀ ਹੈ?**

ਉੱਤਰ:-ਕਿਸੇ ਭਾਸ਼ਾ-ਖੇਤਰ ਦੀ ਬੋਲੀ ਵਿੱਚ ਇਲਾਕਾਈ ਭਿੰਨਤਾ ਨਾਲ ਬੋਲ-ਚਾਲ ਦੀ ਬੋਲੀ ਦੇ ਕਈ ਰੂਪ ਮਿਲਦੇ ਹਨ। ਬੋਲੀ ਬੋਲ-ਚਾਲ ਦੇ ਇਸ ਰੂਪ ਨੂੰ ਹੀ ਕਿਹਾ ਜਾਂਦਾ ਹੈ।

**ਪ੍ਰਸ਼ਨ:-ਪੰਜਾਬੀ ਬੋਲੀ ਦੀਆਂ ਉਪ ਬੋਲੀਆਂ ਜਾਂ ਭਾਸ਼ਾਵਾਂ ਦੇ ਨਾਂ ਲਿਖੋ ।**
**ਜਾਂ**

**ਪੰਜਾਬੀ ਦੀਆਂ ਉਪ-ਬੋਲੀਆਂ ਕਿਹੜੀਆਂ-ਕਿਹੜੀਆਂ ਹਨ?**

ਉੱਤਰ:-ਪੰਜਾਬੀ ਦੀਆਂ ਉਪ-ਬੋਲੀਆਂ (ਉਪ-ਭਾਸ਼ਾਵਾਂ) ਇਹ ਹਨ-
ਮਾਝੀ, ਦੁਆਬੀ, ਮਲਵਈ, ਪੁਆਧੀ, ਪੋਠੋਹਾਰੀ, ਮੁਲਤਾਨੀ (ਲਹਿੰਦੀ) ਅਤੇ ਡੋਗਰੀ।

**ਪ੍ਰਸ਼ਨ:-ਪੰਜਾਬੀ ਦੀਆ ਉਪ ਬੋਲੀਆਂ (ਉਪ -ਭਾਸ਼ਾਵਾਂ ) ਕਿਨ੍ਹਾਂ-ਕਿਨ੍ਹਾਂ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ?**

ਉੱਤਰ:-ਪੰਜਾਬੀ ਦੀਆਂ ਉਪ-ਬੋਲੀਆਂ (ਉਪਭਾਸ਼ਾਵਾਂ ) ਹੇਠ ਲਿਖੇ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ-

**ਮਾਝੀ** :- ਮਾਝੇ (ਲਾਹੌਰ, ਸਿਆਲਕੋਟ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਜ਼ਿਲਿਆਂ) ਵਿੱਚ।

**ਮਲਵਈ:-** ਮਾਲਵੇ (ਲੁਧਿਆਣਾ, ਫ਼ਿਰੋਜ਼ਪੁਰ, ਫਾਜ਼ਿਲਕਾ, ਮੋਗਾ, ਮਾਨਸਾ, ਮੁਕਤਸਰ, ਬਰਨਾਲਾ, ਸੰਗਰੂਰ ਤੇ ਫ਼ਤਹਿਗੜ੍ਹ ਸਾਹਿਬ ਦਾ ਕੁਝ ਹਿੱਸਾ, ਬਠਿੰਡਾ, ਫ਼ਰੀਦਕੋਟ, ਪਟਿਆਲਾ ਜ਼ਿਲ੍ਹੇ ਦੇ ਪੱਛਮੀ ਭਾਗ , ਕੁੱਝ ਖੇਤਰ ਸਿਰਸਾ (ਹਰਿਆਣਾ) ਵਿੱਚ।

**ਦੁਆਬੀ:-** ਦੁਆਬੇ (ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹੇ) ਵਿੱਚ।

**ਡੋਗਰੀ:-** ਕਾਂਗੜੇ ਅਤੇ ਜੰਮੂ ਦੇ ਖੇਤਰ ਵਿੱਚ।

**ਪੁਆਧੀ**:-ਰੋਪੜ( ਰੂਪਨਗਰ )ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲੇ ਦਾ ਪੂਰਬੀ ਭਾਗ, ਸੰਗਰੂਰ ਦਾ ਮਲੇਰਕੋਟਲੇ ਵੱਲ ਦਾ ਖੇਤਰ, ਫ਼ਤਹਿਗੜ੍ਹ ਸਾਹਿਬ ਦਾ ਪੂਰਬੀ ਹਿੱਸਾ, ਅੰਬਾਲੇ ਦਾ ਪੱਛਮੀ ਹਿੱਸਾ।

**ਪੋਠੋਹਾਰੀ:-** ਪਾਕਿਸਤਾਨ ਦੇ ਜਿਹਲਮ ਦਰਿਆ ਦੇ ਪਾਰ ਪੋਠੋਹਾਰ ਦੇ ਇਲਾਕਿਆਂ ( ਜ਼ਿਲ੍ਹਾ ਰਾਵਲਪਿੰਡੀ, ਜ਼ਿਲ੍ਹਾ ਜਿਹਲਮ, ਕੈਮਲਪੁਰ) ਵਿੱਚ।

**ਮੁਲਤਾਨੀ (ਲਹਿੰਦੀ)**:- ਮੁਲਤਾਨ, ਡੇਰਾ ਗਾਜ਼ੀ ਖ਼ਾਂ ਤੇ ਬਹਾਵਲਪੁਰ ਦੇ ਖੇਤਰ ਵਿੱਚ।

**ਡੋਗਰੀ:-** ਜੰਮੂ (ਜੰਮੂ ਤੇ ਕਸ਼ਮੀਰ) ਤੇ ਕਾਂਗੜਾ (ਹਿਮਾਚਲ ਪ੍ਰਦੇਸ਼) ਦੇ ਕੁਝ ਹਿੱਸਿਆਂ ਵਿੱਚ।

**ਪ੍ਰਸ਼ਨ:- ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪ-ਭਾਸ਼ਾ ਵਰਤੀ ਜਾਂਦੀ ਹੈ ?**
**ਕਪੂਰਥਲਾ, ਗੁਰਦਾਸਪੁਰ, ਅੰਮ੍ਰਿਤਸਰ, ਰੋਪੜ (ਰੂਪਨਗਰ ) ਫਤਿਹਗੜ੍ਹ ਸਾਹਿਬ, ਮੁਕਤਸਰ, ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ ,ਹੁਸ਼ਿਆਰਪੁਰ, ਪਟਿਆਲਾ, ਮਾਨਸਾ ।**

**ਉੱਤਰ:-**
**ਕਪੂਰਥਲਾ** -ਦੁਆਬੀ।
**ਗੁਰਦਾਸਪੁਰ,ਅੰਮ੍ਰਿਤਸਰ** - ਮਾਝੀ।
**ਰੋਪੜ (ਰੂਪ ਨਗਰ)**- ਪੁਆਧੀ।
**ਫਤਹਿਗੜ੍ਹ ਸਾਹਿਬ, ਮੁਕਤਸਰ, ਮਾਨਸਾ ਤੇ ਬਠਿੰਡਾ** - ਮਲਵਈ।
**ਸ਼ਹੀਦ ਭਗਤ ਸਿੰਘ ਨਗਰ ਤੇ ਹੁਸ਼ਿਆਰਪੁਰ** -ਦੁਆਬੀ।

**ਪਟਿਆਲਾ** -ਪਟਿਆਲੇ ਜ਼ਿਲ੍ਹੇ ਦੇ ਪੱਛਮੀ ਭਾਗ ਵਿੱਚ ਮਲਵਈ ਪ੍ਰੰਤੂ ਪੂਰਬੀ ਭਾਗ ਵਿੱਚ ਪੁਆਧੀ ਬੋਲੀ ਜਾਂਦੀ ਹੈ।

**ਪ੍ਰਸ਼ਨ:- ਪੰਜਾਬੀ ਬੋਲੀ ਦੀਆਂ ਕਿਸੇ ਦੋ ਉਪ-ਬੋਲੀਆਂ ਦੇ ਨਾਂ ਲਿਖੋ।**
ਉੱਤਰ:- ਦੁਆਬੀ, ਮਾਝੀ ।

**ਪ੍ਰਸ਼ਨ:-ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਬੋਲੀ ਬੋਲੀ ਜਾਂਦੀ ਹੈ?**

ਉੱਤਰ:-ਮਾਝੀ

**ਪ੍ਰਸ਼ਨ :-ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਮਿਟਦੇ ਜਾ ਰਹੇ ਹਨ?**

ਉੱਤਰ:- ਪੁਰਾਣੇ ਸਮੇਂ ਵਿੱਚ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਦੀ ਘਾਟ ਕਾਰਨ ਪੰਜਾਬ ਵਿੱਚ ਪੰਜਾਬੀ ਭਾਸ਼ਾ ਵਿੱਚ ਬੋਲੀਆਂ ਜਾਣ ਵਾਲੀਆਂ ਉਪ-ਭਾਸ਼ਾਵਾਂ ਦੇ ਆਪਸੀ ਫ਼ਰਕ ਬੜੇ ਉੱਘੜਵੇਂ ਸਨ ,ਪਰੰਤੂ ਅਜੋਕੇ ਪੰਜਾਬ ਵਿੱਚ ਆਵਾਜਾਈ ਤੇ ਸੰਚਾਰ-ਸਾਧਨਾਂ ਦੇ ਵਿਕਸਿਤ ਹੋਣ ਕਾਰਨ ਲੋਕਾਂ ਦਾ ਆਪਸੀ ਮੇਲ-ਜੋਲ ਵੱਧ ਗਿਆ ਹੈ, ਸਿੱਟੇ ਵਜੋਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਆਪਸੀ ਅੰਤਰ ਮਿਟਦੇ ਜਾ ਰਹੇ ਹਨ।

**ਪ੍ਰਸ਼ਨ:- ਪਿਜਿਨ ਅਤੇ ਕਰੀਓਲ ਭਾਸ਼ਾ- ਵੰਨਗੀਆਂ ਵਿੱਚ ਕੀ ਅੰਤਰ ਹੁੰਦਾ ਹੈ ?**

ਉੱਤਰ:- ਪਿਜਿਨ ਕੰਮ-ਚਲਾਊ ਭਾਸ਼ਾ ਨੂੰ ਕਹਿੰਦੇ ਹਨ । ਸਮਾਂ ਪਾ ਕੇ ਇਹੋ ਹੀ ਸਥਾਨਕ ਭਾਸ਼ਾ ਬਣ ਜਾਂਦੀ ਹੈ ਤੇ ਇਸ ਨੂੰ ਕਰੀਓਲ ਦਾ ਨਾਂ ਦਿੱਤਾ ਜਾਂਦਾ ਹੈ। 'ਉਰਦੂ' ਇਕ ਅਜਿਹੀ ਹੀ ਭਾਸ਼ਾ ਹੈ।

**ਪ੍ਰਸ਼ਨ:- ਬੋਲੀ (ਸਾਹਿਤਕ ਬੋਲੀ) ਤੇ ਉਪ-ਬੋਲੀ ਵਿੱਚ ਕੀ ਫ਼ਰਕ ਹੁੰਦਾ ਹੈ?**

ਉੱਤਰ:- ਬੋਲੀ ਕਿਸੇ ਭਾਸ਼ਾ-ਖੇਤਰ ਦੇ ਕੇਂਦਰੀ ਇਲਾਕੇ ਦੀ ਬੋਲੀ ਹੁੰਦੀ ਹੈ। ਇਹ ਮਾਂਜੀ-ਸੁਆਰੀ ਤੇ ਨੇਮ ਬੱਧ ਹੁੰਦੀ ਹੈ। ਪਰੰਤੂ ਉਪ-ਬੋਲੀ ਸਮੁੱਚੇ ਭਾਸ਼ਾ-ਖੇਤਰ ਦੀ ਇਕ ਭੂਗੋਲਿਕ ਇਕਾਈ ਵਿੱਚ ਬੋਲੀ ਜਾਣ ਵਾਲੀ ਹੁੰਦੀ ਹੈ।

## ਸਾਹਿਤਕ ਮਿਆਰੀ ਜਾਂ ਟਕਸਾਲੀ ਭਾਸ਼ਾ

**ਪ੍ਰਸ਼ਨ:- ਸਾਹਿਤਕ (ਮਿਆਰੀ ਜਾਂ ਟਕਸਾਲੀ) ਭਾਸ਼ਾ ਕਿਸਨੂੰ ਕਹਿੰਦੇ ਹਨ ? ਪੰਜਾਬੀ ਦੀ ਟਕਸਾਲੀ ਭਾਸ਼ਾ ਕਿਹੜੀ ਹੈ?**

**ਜਾਂ**

**ਟਕਸਾਲੀ ਬੋਲੀ ਦਾ ਅਧਾਰ ਕਿਹੜੀ ਉਪ-ਭਾਸ਼ਾ ਨੂੰ ਮੰਨਿਆ ਜਾਂਦਾ ਹੈ?**

ਉੱਤਰ:- ਸਾਹਿਤਕ (ਮਿਆਰੀ ਜਾਂ ਟਕਸਾਲੀ) ਭਾਸ਼ਾ ਕਿਸੇ ਭਾਸ਼ਾ-ਖੇਤਰ ਦੇ ਕੇਂਦਰੀ ਇਲਾਕੇ ਦੀ ਭਾਸ਼ਾ ਹੁੰਦੀ ਹੈ; ਜਿਵੇਂ ਪੰਜਾਬ ਪ੍ਰਦੇਸ਼ ਦੀ ਸਾਹਿਤਕ ਭਾਸ਼ਾ ਕੇਂਦਰੀ ਪੰਜਾਬ ਅਰਥਾਤ ਮਾਝੇ (ਲਾਹੌਰ ਤੇ ਅੰਮ੍ਰਿਤਸਰ) ਦੀ ਬੋਲੀ ਮੰਨੀ ਗਈ ਹੈ। ਇਹ ਮਾਂਜੀ-ਸੁਆਰੀ ਤੇ ਨੇਮ-ਬੱਧ ਹੁੰਦੀ ਹੈ। ਇਹ ਪ੍ਰਦੇਸ਼ ਦੇ ਲੇਖਕਾਂ ਅਤੇ ਸਰਕਾਰੀ ਦਫ਼ਤਰਾਂ ਦੀ ਬੋਲੀ ਹੁੰਦੀ ਹੈ। ਇਸ ਵਿੱਚ ਹੀ ਅਖ਼ਬਾਰਾਂ ਛਪਦੀਆਂ ਹਨ ਤੇ ਇਹੋ ਸਿੱਖਿਆ ਦਾ ਮਧਿਅਮ ਹੁੰਦੀ ਹੈ।

**ਪ੍ਰਸ਼ਨ:- ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ?**

ਉੱਤਰ:- ਟਕਸਾਲੀ ਜਾਂ ਮਿਆਰੀ ਭਾਸ਼ਾ ਆਪਣੇ ਭਾਸ਼ਾ-ਖੇਤਰ ਵਿਚ ਵੱਸਦੇ ਲੋਕਾਂ ਦੇ ਸਰਕਾਰੀ-ਪ੍ਰਬੰਧ, ਸਿੱਖਿਆ, ਸਾਹਿਤ ਅਤੇ ਸੱਭਿਆਚਾਰ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

---

ਤਿਆਰ ਕਰਤਾ
ਸੀਮਾ ਰਾਣੀ
ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ (ਲੁਧਿਆਣਾ)